# ਡੈਥ ਕੈਪ ਮਸ਼ਰੂਮਾਂ (*ਐਮਾਨਾਈਟਾ ਫਲੌਂਏਡੀਜ਼*)

# Death cap mushrooms (*Amanita phalloides*)

## ਡੈਥ ਕੈਪ ਮਸ਼ਰੂਮਾਂ ਕੀ ਹਨ?

ਡੈਥ ਕੈਪ ਮਸ਼ਰੂਮਾਂ (*ਐਮਾਨਾਈਟਾ ਫਲੌਂਏਡੀਜ਼*) ਬਹੁਤ ਜ਼ਹਿਰੀਲੀਆਂ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਵਿੱਚ ਹਾਨੀਕਾਰਕ ਜ਼ਹਿਰੀਲੇ ਪਦਾਰਥ ਹੁੰਦੇ ਹਨ। ਜਦੋਂ ਇਹਨਾਂ ਨੂੰ ਖਾਧਾ ਜਾਂਦਾ ਹੈ ਤਾਂ ਇਹ ਜਿਗਰ ਫੇਲ੍ਹ ਹੋਣ ਅਤੇ ਮੌਤ ਦਾ ਕਾਰਨ ਬਣ ਸਕਦੀਆਂ ਹਨ। ਡੈਥ ਕੈਪ ਮਸ਼ਰੂਮਾਂ ਆਪਣੀ ਉਮਰ ਦੇ ਆਧਾਰ 'ਤੇ ਪੀਲੀਆਂ, ਹਰੀਆਂ ਜਾਂ ਚਿੱਟੀਆਂ ਹੋ ਸਕਦੇ ਹਨ। ਇਨ੍ਹਾਂ ਮਸ਼ਰੂਮਾਂ ਵਿੱਚ ਚਿੱਟੇ ਗਿਲਜ਼, ਤਣੇ 'ਤੇ ਚਿੱਟੀ ਰਿੰਗ ਸਕਰਟ ਅਤੇ ਢਿੱਲਾ, ਥੈਲੀ ਵਰਗਾ ਕੱਪ ਹੁੰਦਾ ਹੈ। ਇਹ ਵਿਸ਼ੇਸ਼ਤਾਵਾਂ ਵਿਕਾਸ ਦੇ ਵੱਖ-ਵੱਖ ਪੜਾਵਾਂ 'ਤੇ ਵਿਕਸਤ ਹੁੰਦੀਆਂ ਹਨ। ਫੋਟੋ ਉਦਾਹਰਣਾਂ ਅਤੇ ਵਾਧੂ ਜਾਣਕਾਰੀ, ਜਿਸ ਵਿੱਚ ਸ਼ਾਮਲ ਹੈ ਕਿ ਇਹ ਮਸ਼ਰੂਮਾਂ ਵੱਖ-ਵੱਖ ਵਿਕਾਸ ਪੜਾਵਾਂ 'ਤੇ ਕਿਵੇਂ ਦਿਖਾਈ ਦੇ ਸਕਦੀਆਂ ਹਨ), ਲਈ https://explore.beatymuseum.ubc.ca/mushroomsup/A_phalloides.html ਦੇਖੋ। ਉਹਨਾਂ ਨੂੰ ਗਲਤੀ ਨਾਲ ਖਾਣ ਲਈ ਸੁਰੱਖਿਅਤ ਪ੍ਰਜਾਤੀਆਂ ਸਮਝਿਆ ਜਾ ਸਕਦਾ ਹੈ।

ਡੈਥ ਕੈਪ ਮਸ਼ਰੂਮਾਂ ਆਯਾਤ ਕੀਤੇ ਗਏ ਯੂਰਪੀਅਨ ਰੁੱਖਾਂ ਜਿਵੇਂ ਕਿ ਬੀਚ, ਚੈਸਟਨਟ, ਹੌਰਨਬੀਮ, ਓਕ ਅਤੇ ਹੋਰ ਬਹੁਤ ਸਾਰੇ ਰੁੱਖਾਂ ਦੁਆਰਾ ਬੀ.ਸੀ. ਵਿੱਚ ਲਿਆਈਆਂ ਗਈਆਂ ਸਨ। ਮਸ਼ਰੂਮ ਫਲ ਦੇਣ ਵਾਲਾ ਅੰਗ ਹੈ ਜੋ ਜ਼ਮੀਨ ਦੇ ਉੱਪਰ ਦਿਖਾਈ ਦਿੰਦਾ ਹੈ ਜਦੋਂ ਕਿ ਉੱਲੀ ਜ਼ਮੀਨ ਦੇ ਹੇਠਾਂ ਰਹਿੰਦੀ ਹੈ।

## ਇਹ ਮਸ਼ਰੂਮਾਂ ਕਿੱਥੇ ਮਿਲਦੀਆਂ ਹਨ?

ਡੈਥ ਕੈਪ ਮਸ਼ਰੂਮਾਂ ਜ਼ਿਆਦਾਤਰ ਵੈਨਕੂਵਰ ਆਈਲੈਂਡ ਅਤੇ ਲੋਅਰ ਮੇਨਲੈਂਡ ਦੇ ਸ਼ਹਿਰੀ ਖੇਤਰਾਂ ਵਿੱਚ ਪਾਈਆਂ ਜਾਂਦੀਆਂ ਹਨ। ਹਾਲਾਂਕਿ, ਇਹ ਸੰਭਵ ਹੈ ਕਿ ਇਹ ਮਸ਼ਰੂਮਾਂ ਬੀ.ਸੀ. ਦੇ ਹੋਰ ਖੇਤਰਾਂ ਵਿੱਚ ਉੱਗਦੀਆਂ ਹੋਣ, ਪਰ ਅਜੇ ਤੱਕ ਇਹਨਾਂ ਦਾ ਪਤਾ ਨਹੀਂ ਲੱਗਿਆ ਹੈ। ਇਹ ਮੇਜ਼ਬਾਨ ਦਰੱਖਤਾਂ ਦੇ ਨੇੜੇ ਲਾਅਨਾਂ, ਪਾਰਕਾਂ ਅਤੇ ਬਾਹਰੀ ਸਾਂਝੀਆਂ ਥਾਵਾਂ 'ਤੇ ਪਾਈਆਂ ਜਾ ਸਕਦੀਆਂ ਹਨ।

ਡੈਥ ਕੈਪ ਮਸ਼ਰੂਮਾਂ ਆਮ ਤੌਰ 'ਤੇ ਪਤਝੜ (fall) ਦੇ ਬਰਸਾਤੀ ਮੌਸਮ (ਅਗਸਤ ਤੋਂ ਨਵੰਬਰ) ਦੌਰਾਨ ਦਿਖਾਈ ਦਿੰਦੀਆਂ ਹਨ। ਇਹ ਗਰਮੀਆਂ ਦੇ ਸ਼ੁਰੂ ਵਿੱਚ (ਜੁਲਾਈ ਤੋਂ ਅਗਸਤ) ਲਾਅਨਾਂ ਅਤੇ ਉਨ੍ਹਾਂ ਖੇਤਰਾਂ ਵਿੱਚ ਦਿਖਾਈ ਦੇ ਸਕਦੀਆਂ ਹਨ ਜਿੱਥੇ ਨਿਯਮਿਤ ਤੌਰ 'ਤੇ ਪਾਣੀ ਦਿੱਤਾ ਜਾਂਦਾ ਹੈ।

## ਕਿਸਨੂੰ ਖ਼ਤਰਾ ਹੈ?

ਬੀਸੀ ਡਰੱਗ ਐਂਡ ਪੋਇਜ਼ਨ ਇਨਫਰਮੇਸ਼ਨ ਸੈਂਟਰ (DPIC) ਨੂੰ ਮਸ਼ਰੂਮ ਨਾਲ ਸਬੰਧਤ ਦੋ-ਤਿਹਾਈ (66 ਪ੍ਰਤੀਸ਼ਤ) ਕਾਲਾਂ (2017 ਤੋਂ 2021) ਛੋਟੇ ਬੱਚਿਆਂ ਦੁਆਰਾ ਗਲਤੀ ਨਾਲ ਜੰਗਲੀ ਮਸ਼ਰੂਮਾਂ ਖਾਣ ਬਾਰੇ ਸਨ, ਹਾਲਾਂਕਿ ਬਹੁਤ ਘੱਟ ਛੋਟੇ ਬੱਚੇ ਦਰਮਿਆਨੀ ਤੋਂ ਵੱਧ ਬਿਮਾਰ ਹੁੰਦੇ ਹਨ।

ਗੰਭੀਰ ਬਿਮਾਰੀ ਅਕਸਰ ਕਿਸ਼ੋਰਾਂ ਅਤੇ ਬਾਲਗਾਂ ਵਿੱਚ ਦੇਖੀ ਜਾਂਦੀ ਹੈ ਜਦੋਂ ਡੈਥ ਕੈਪ ਮਸ਼ਰੂਮਾਂ ਨੂੰ ਖਾਣ ਵਾਲੀਆਂ ਕਿਸਮਾਂ ਸਮਝ ਕੇ ਗਲਤੀ ਨਾਲ ਅਤੇ ਵੱਡੀਆਂ ਮਾਤਰਾਵਾਂ ਵਿੱਚ ਖਾਧਾ ਜਾਂਦਾ ਹੈ। ਪਕਾਉਣਾ, ਸੁਕਾਉਣਾ ਜਾਂ ਫ੍ਰੀਜ਼ ਕਰਨਾ ਡੈਥ ਕੈਪ ਮਸ਼ਰੂਮਾਂ ਵਿੱਚ ਪਾਏ ਜਾਣ ਵਾਲੇ ਜ਼ਹਿਰੀਲੇ ਪਦਾਰਥ ਨੂੰ ਅਕਿਰਿਆਸ਼ੀਲ ਨਹੀਂ ਕਰਦਾ।

2016 ਵਿੱਚ, ਬੀ.ਸੀ. ਵਿੱਚ ਇੱਕ ਛੋਟੇ ਬੱਚੇ ਦੀ ਮੌਤ ਵਾਢੀ ਕੀਤੀਆਂ ਹੋਈਆਂ, ਜੰਗਲੀ ਮਸ਼ਰੂਮਾਂ ਖਾਣ ਕਾਰਨ ਹੋਈ, ਜਿਨ੍ਹਾਂ ਨੂੰ ਬਾਅਦ ਵਿੱਚ ਡੈਥ ਕੈਪ ਮਸ਼ਰੂਮਾਂ ਵਜੋਂ ਪਛਾਣਿਆ ਗਿਆ। ਦੁਨੀਆ ਭਰ ਵਿੱਚ ਮਸ਼ਰੂਮ ਨਾਲ ਸੰਬੰਧਿਤ ਮੌਤਾਂ ਵਿੱਚੋਂ, 90 ਪ੍ਰਤੀਸ਼ਤ ਡੈਥ ਕੈਪ ਮਸ਼ਰੂਮਾਂ ਕਾਰਨ ਹੁੰਦੀਆਂ ਹਨ।

## ਲੱਛਣ ਕੀ ਹਨ?

ਡੈਥ ਕੈਪ ਮਸ਼ਰੂਮ ਖਾਣ ਦੇ ਲੱਛਣ ਤਿੰਨ ਪੜਾਵਾਂ ਵਿੱਚ ਹੁੰਦੇ ਹਨ:

- ਪਹਿਲਾ ਪੜਾਅ - ਖਾਣ ਦੇ 6 ਤੋਂ 24 ਘੰਟਿਆਂ ਦੇ ਅੰਦਰ: ਪੇਟ ਵਿੱਚ ਕੜਵੱਲ ਅਤੇ ਦਰਦ, ਮਤਲੀ, ਉਲਟੀਆਂ, ਪਾਣੀ ਵਰਗੇ ਦਸਤ, ਤਰਲ ਪਦਾਰਥਾਂ ਦੀ ਭਾਰੀ ਕਮੀ ਕਾਰਨ ਘੱਟ ਬਲੱਡ ਪ੍ਰੈਸ਼ਰ ਅਤੇ ਡੀਹਾਈਡਰੇਸ਼ਨ ਹੋ ਸਕਦੀ ਹੈ
- ਦੂਜਾ ਪੜਾਅ - ਖਾਣ ਦੇ 24 ਘੰਟਿਆਂ ਦੇ ਅੰਦਰ: ਲੱਛਣ ਘੱਟ ਸਕਦੇ ਹਨ, ਅਤੇ ਤੁਸੀਂ 72 ਘੰਟਿਆਂ ਤੱਕ ਠੀਕ ਮਹਿਸੂਸ ਕਰ ਸਕਦੇ ਹੋ
- ਤੀਜਾ ਪੜਾਅ - 3 ਤੋਂ 6 ਦਿਨਾਂ ਦੇ ਅੰਦਰ: ਜਿਗਰ ਅਤੇ ਗੁਰਦੇ ਦੇ ਨੁਕਸਾਨ ਦੇ ਲੱਛਣ। ਉਦਾਹਰਣ ਵਜੋਂ, ਚਮੜੀ ਅਤੇ ਅੱਖਾਂ ਦਾ ਪੀਲਾ ਹੋਣਾ, ਘੱਟ ਬਲੱਡ ਸ਼ੂਗਰ ਅਤੇ ਉਲਝਣ

ਸਭ ਤੋਂ ਗੰਭੀਰ ਮਾਮਲਿਆਂ ਵਿੱਚ, ਵਿਅਕਤੀ ਮਰ ਸਕਦੇ ਹਨ।

## ਇਲਾਜ ਕੀ ਹੈ?

ਡੈਥ ਕੈਪ ਮਸ਼ਰੂਮ ਰਾਹੀਂ ਜ਼ਹਿਰ ਦਾ ਅਸਰ ਹੋਣ ਲਈ ਕੋਈ ਗਿਆਤ ਐਂਟੀਡੋਟ ਨਹੀਂ ਹੈ, ਹਾਲਾਂਕਿ ਸਿਹਤ ਸੰਭਾਲ ਸੈਟਿੰਗਾਂ ਵਿੱਚ ਅਕਟੀਵਿਟਿਡ ਚਾਰਕੋਲ ਅਤੇ ਹੋਰ ਦਵਾਈਆਂ ਦਿੱਤੀਆਂ ਜਾ ਸਕਦੀਆਂ ਹਨ। ਇਲਾਜ ਆਮ ਤੌਰ 'ਤੇ ਸਹਾਇਕ ਹੁੰਦਾ ਹੈ, ਭਾਵ ਡਾਕਟਰੀ ਦੇਖਭਾਲ ਲੱਛਣਾਂ ਨੂੰ ਘਟਾਉਣ ਵਿੱਚ ਮਦਦ ਕਰਨ 'ਤੇ ਕੇਂਦ੍ਰਿਤ ਹੁੰਦੀ ਹੈ। ਜੇਕਰ ਜਿਗਰ ਫੇਲ੍ਹ ਹੋ ਜਾਂਦਾ ਹੈ ਤਾਂ ਜਿਗਰ ਟ੍ਰਾਂਸਪਲਾਂਟ ਦੀ ਲੋੜ ਹੋ ਸਕਦੀ ਹੈ। ਅੰਗ ਫੇਲ੍ਹ ਹੋਣਾ ਸ਼ੁਰੂ ਹੋ ਜਾਣ ਤੋਂ ਬਾਅਦ, ਇਸ ਕਰਕੇ ਕੜਵੱਲ, ਖੂਨ ਵਹਿਣਾ, ਕੋਮਾ ਅਤੇ ਮੌਤ ਹੋ ਸਕਦੀ ਹੈ।

## ਜੇ ਮੈਨੂੰ ਲੱਗਦਾ ਹੈ ਕਿ ਮੈਂ ਕੋਈ ਜ਼ਹਿਰੀਲੀ ਮਸ਼ਰੂਮ ਖਾ ਲਈ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਤੁਹਾਨੂੰ ਸ਼ੱਕ ਹੈ ਕਿ ਤੁਸੀਂ ਡੈਥ ਕੈਪ ਮਸ਼ਰੂਮ ਜਾਂ ਕੋਈ ਹੋਰ ਜ਼ਹਿਰੀਲੀ ਮਸ਼ਰੂਮ ਖਾਧੀ ਹੈ, **ਤਾਂ ਡਰੱਗ ਐਂਡ ਪੋਇਜ਼ਨ ਇਨਫਰਮੇਸ਼ਨ ਸੈਂਟਰ ਨੂੰ 1-800-567-8911 'ਤੇ ਫੋਨ ਕਰੋ ਜਾਂ ਐਮਰਜੈਂਸੀ ਰੂਮ ਵਿੱਚ ਜਾਓ, ਖਾਸ ਕਰਕੇ ਜੇ ਤੁਹਾਨੂੰ ਲੱਛਣ ਹੋ ਰਹੇ ਹਨ।**

ਜੇ ਸੰਭਵ ਹੋਵੇ ਤਾਂ ਮਸ਼ਰੂਮ ਦੇ ਨਮੂਨੇ ਆਪਣੇ ਨਾਲ ਲਿਆਓ। ਜੇਕਰ ਇਹ ਉਪਲਬਧ ਨਹੀਂ ਹਨ, ਤਾਂ ਫੋਟੋਆਂ ਅਤੇ ਮਸ਼ਰੂਮਾਂ ਕਿੱਥੋਂ ਇਕੱਠੀਆਂ ਕੀਤੀਆਂ ਗਈਆਂ ਸਨ ਬਾਰੇ ਜਾਣਕਾਰੀ ਪ੍ਰਦਾਨ ਕਰੋ।

## ਜੇਕਰ ਮੈਨੂੰ ਸ਼ੱਕ ਹੈ ਕਿ ਮੈਨੂੰ ਡੈਥ ਕੈਪ ਮਸ਼ਰੂਮ ਮਿਲੀ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਤੁਹਾਨੂੰ ਆਪਣੇ ਘਰ ਦੇ ਆਲੇ-ਦੁਆਲੇ ਡੈਥ ਕੈਪ ਮਸ਼ਰੂਮ ਮਿਲਦੀ ਹੈ, ਤਾਂ ਤੁਸੀਂ ਇਸਨੂੰ ਸੁਰੱਖਿਅਤ ਢੰਗ ਨਾਲ ਹਟਾ ਸਕਦੇ ਹੋ। ਡੈਥ ਕੈਪ ਮਸ਼ਰੂਮਾਂ ਨੂੰ ਛੂਹਣਾ ਕੋਈ ਜੋਖਮ ਨਹੀਂ ਹੈ, ਹਾਲਾਂਕਿ ਤੁਸੀਂ ਉਨ੍ਹਾਂ ਨੂੰ ਸੰਭਾਲਣ ਲਈ ਡਿਸਪੋਜ਼ੇਬਲ ਦਸਤਾਨੇ ਵਰਤ ਸਕਦੇ ਹੋ। ਮਸ਼ਰੂਮ ਨੂੰ ਵਿੱਚ ਸੁਰੱਖਿਅਤ ਢੰਗ ਨਾਲ ਇੱਕ ਬੈਗ ਵਿੱਚ ਪਾਓ ਅਤੇ ਫਿਰ ਬੈਗ ਨੂੰ ਨਿਯਮਤ ਕੂੜੇ ਵਿੱਚ ਜਾਂ ਨਗਰ ਪਾਲਿਕਾ ਕੰਪੋਸਟ ਵਿੱਚ ਪਾ ਦਿਓ (ਜਿੱਥੇ 60°ਸੈਲਸੀਅਸ ਤੋਂ ਵੱਧ ਤਾਪਮਾਨ ਮਸ਼ਰੂਮਾਂ ਨੂੰ ਖਰਾਬ ਕਰ ਦੇਵੇਗਾ)। ਹੱਥ ਲਗਾਉਣ ਤੋਂ ਬਾਅਦ ਆਪਣੇ ਹੱਥ ਗਰਮ ਪਾਣੀ ਅਤੇ ਸਾਬਣ ਨਾਲ ਧੋਵੋ। ਮਸ਼ਰੂਮ ਨੂੰ ਆਪਣੇ ਘਰ ਦੀ ਕੰਪੋਸਟ ਦੇ ਢੇਰ ਵਿੱਚ ਨਾ ਰੱਖੋ ਕਿਉਂਕਿ ਇਹ ਉੱਲੀ ਨੂੰ ਨਵੀਆਂ ਥਾਵਾਂ 'ਤੇ ਫੈਲਾਉਣ ਵਿੱਚ ਮਦਦ ਕਰ ਸਕਦਾ ਹੈ।

ਡੈਥ ਕੈਪ ਮਸ਼ਰੂਮਾਂ ਇੱਕ ਹਮਲਾਵਰ ਪ੍ਰਜਾਤੀ ਹਨ, ਅਤੇ ਤੁਸੀਂ ਇਨਵੇਸਿਵ ਸਪੀਸੀਜ਼ ਮੋਬਾਈਲ ਐਪ ਦੀ ਵਰਤੋਂ ਕਰਕੇ ਜੰਗਲਾਤ ਮੰਤਰਾਲੇ ਨੂੰ ਰਿਪੋਰਟ ਜਮ੍ਹਾਂ ਕਰ ਸਕਦੇ ਹੋ। ਹੋਰ ਜਾਣਕਾਰੀ ਲਈ ਹਮਲਾਵਰ ਪ੍ਰਜਾਤੀਆਂ ਦੀ ਰਿਪੋਰਟ ਕਰਨਾ ਪੰਨੇ 'ਤੇ ਜਾਓ।

## ਮੈਂ ਆਪਣੀ ਅਤੇ ਆਪਣੇ ਪਰਿਵਾਰ ਦੀ ਰੱਖਿਆ ਕਿਵੇਂ ਕਰਾਂ?

ਅਣਜਾਣ ਮਸ਼ਰੂਮਾਂ ਨਾ ਇਕੱਠੀਆਂ ਕਰੋ ਅਤੇ ਨਾ ਹੀ ਖਾਓ। ਪਛਾਣ ਯਕੀਨੀ ਬਣਾਓ, ਕਿਉਂਕਿ ਡੈਥ ਕੈਪ ਮਸ਼ਰੂਮਾਂ ਖਾਣ ਵਾਲੀਆਂ ਪ੍ਰਜਾਤੀਆਂ ਦੇ ਸਮਾਨ ਦਿਖਾਈ ਦੇ ਸਕਦੀਆਂ ਹਨ। ਸਿਰਫ਼ ਉਨ੍ਹਾਂ ਰੀਟੇਲ ਦੁਕਾਨਾਂ ਤੋਂ ਹੀ ਮਸ਼ਰੂਮਾਂ ਖਰੀਦੋ ਜੋ ਵਪਾਰਕ ਉਤਪਾਦਕਾਂ ਤੋਂ ਆਪਣੀਆਂ ਮਸ਼ਰੂਮਾਂ ਪ੍ਰਾਪਤ ਕਰਦੇ ਹਨ। ਉਨ੍ਹਾਂ ਵਿਕਰੇਤਾਵਾਂ ਤੋਂ ਜੰਗਲੀ ਮਸ਼ਰੂਮਾਂ ਖਰੀਦਣ ਬਾਰੇ ਸਾਵਧਾਨ ਰਹੋ ਜੋ ਆਪਣੇ ਗਿਆਨ ਅਤੇ ਮਸ਼ਰੂਮਾਂ ਦੇ ਸਰੋਤ ਦੀ ਪੁਸ਼ਟੀ ਨਹੀਂ ਕਰ ਸਕਦੇ। ਕੈਨੇਡਾ ਵਿੱਚ ਜੰਗਲੀ ਮਸ਼ਰੂਮਾਂ ਦੀ ਵਿਕਰੀ ਇੱਕ ਅਨਿਯੰਤ੍ਰਿਤ ਉਦਯੋਗ ਹੈ।

ਜੇਕਰ ਤੁਹਾਡੇ ਘਰ ਵਿੱਚ ਛੋਟੇ ਬੱਚੇ ਜਾਂ ਪਾਲਤੂ ਜਾਨਵਰ ਹਨ ਤਾਂ ਆਪਣੇ ਵਿਹੜੇ ਵਿੱਚੋਂ ਫਲਦਾਰ ਮਸ਼ਰੂਮਾਂ ਹਟਾਓ ਅਤੇ ਉਨ੍ਹਾਂ ਨੂੰ ਬਾਹਰ ਖੇਡਣ ਦੇਣ ਤੋਂ ਪਹਿਲਾਂ ਖੇਡਣ ਵਾਲੇ ਬਾਹਰੀ ਖੇਤਰਾਂ ਦੀ ਨਿਗਰਾਨੀ ਕਰੋ।

ਉਨ੍ਹਾਂ ਖੇਤਰਾਂ ਵਿੱਚ ਪਾਣੀ ਦੇਣ ਨੂੰ ਘਟਾਓ ਜਿਹੜੇ ਡੈਥ ਕੈਪ ਮਸ਼ਰੂਮ ਵਧਣ ਲਈ ਜਾਣੇ ਜਾਂਦੇ ਹਨ। ਇਹ ਗਰਮੀਆਂ ਦੇ ਮਹੀਨਿਆਂ ਵਿੱਚ ਮਸ਼ਰੂਮਾਂ ਨੂੰ ਫਲ ਦੇਣ ਤੋਂ ਰੋਕੇਗਾ; ਹਾਲਾਂਕਿ, ਪਤਝੜ ਵਿੱਚ ਮੀਂਹ ਦੇ ਨਾਲ ਇੰਨ੍ਹਾਂ ਦੀ ਦੁਬਾਰਾ ਦਿਖਾਈ ਦੇਣ ਦੀ ਸੰਭਾਵਨਾ ਹੈ।

## ਮੈਂ ਕਿਵੇਂ ਦੱਸ ਸਕਦਾ/ਸਕਦੀ ਹਾਂ ਕਿ ਮਸ਼ਰੂਮ ਜ਼ਹਿਰੀਲੀ ਹੈ?

ਡੈਥ ਕੈਪ ਮਸ਼ਰੂਮਾਂ ਨੂੰ ਪਫਬਾਲ ਮਸ਼ਰੂਮਾਂ (ਸਥਾਨਕ ਤੌਰ 'ਤੇ ਪਾਈਆਂ ਜਾਣ ਵਾਲੀਆਂ) ਜਾਂ ਪੈਡੀ ਸਟ੍ਰਾਅ ਮਸ਼ਰੂਮਾਂ (ਖਾਣਯੋਗ, ਅਤੇ ਏਸ਼ੀਆ ਦੇ ਕੁਝ ਹਿੱਸਿਆਂ ਵਿੱਚ ਆਮ) ਸਮਝਿਆ ਜਾ ਸਕਦਾ ਹੈ।

ਸਾਰੀਆਂ ਜੰਗਲੀ ਮਸ਼ਰੂਮਾਂ ਜ਼ਹਿਰੀਲੀਆਂ ਨਹੀਂ ਹੁੰਦੀਆਂ ਪਰ ਜ਼ਹਿਰੀਲੀਆਂ ਪ੍ਰਜਾਤੀਆਂ ਦੀ ਪਛਾਣ ਕਰਨਾ ਮੁਸ਼ਕਲ ਹੋ ਸਕਦਾ ਹੈ, ਇੱਥੋਂ ਤੱਕ ਕਿ ਮਾਹਿਰਾਂ ਲਈ ਵੀ। ਤੁਹਾਨੂੰ ਸਿਰਫ਼ ਉਹੀ ਮਸ਼ਰੂਮਾਂ ਖਾਣੀਆਂ ਚਾਹੀਦੀਆਂ ਹਨ ਜਿਨ੍ਹਾਂ ਦੀ ਪਛਾਣ ਕਿਸੇ ਅਜਿਹੇ ਵਿਅਕਤੀ ਦੁਆਰਾ ਕੀਤੀ ਗਈ ਹੋਵੇ ਜੋ ਜਾਣਕਾਰ ਹੈ ਅਤੇ ਜਿਸ ਨੂੰ ਖਾਣ ਵਾਲੀਆਂ ਮਸ਼ਰੂਮਾਂ ਦੀ ਪਛਾਣ ਕਰਨ ਦਾ ਤਜਰਬਾ ਹੋਵੇ।

**ਅਜਿਹੀ ਕੋਈ ਵੀ ਚੀਜ਼ ਨਾ ਖਾਓ ਜਿਸਨੂੰ ਤੁਸੀਂ ਖਾਣ ਯੋਗ ਪ੍ਰਜਾਤੀ ਵਜੋਂ ਪਛਾਣ ਨਹੀਂ ਸਕਦੇ।**

## ਹੋਰ ਜਾਣਕਾਰੀ ਲਈ

- ਮਸ਼ਰੂਮਜ਼ ਅੱਪ! *ਐਮਾਨਾਈਟਾ ਫਲੌਂਏਡੀਜ਼* (ਬੀਟੀ ਬਾਇਓਡਾਇਵਰਸਿਟੀ ਮਿਊਜ਼ੀਅਮ) https://explore.beatymuseum.ubc.ca/mushroomsup/A_phalloides.html
- ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ - ਡੈਥ ਕੈਪ ਮਸ਼ਰੂਮਾਂ www.bccdc.ca/health-info/prevention-public-health/death-cap-mushrooms
- ਡੈਥ ਕੈਪ ਮਸ਼ਰੂਮ ਨਕਸ਼ਾ www.bccdc.ca/health-info/prevention-public-health/death-cap-mushrooms/death-cap-mushrooms-map
- ਬੀ.ਸੀ. ਡਰੱਗ ਐਂਡ ਪੋਇਜ਼ਨ ਇਨਫਰਮੇਸ਼ਨ ਸੈਂਟਰ www.dpic.org
- ਹਮਲਾਵਰ ਪ੍ਰਜਾਤੀਆਂ ਦੀ ਰਿਪੋਰਟਿੰਗ (ਜੰਗਲਾਤ ਮੰਤਰਾਲਾ) www2.gov.bc.ca/gov/content/environment/plants-animals-ecosystems/invasive-species/reporting-invasive-species